# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ।

ਵੱਲ

ਪ੍ਰਿੰਸੀਪਲ/ਇੰਚਾਰਜ(NSQF)
ਸੀਨੀਅਰ ਸੈਕੰਡਰੀ ਸਕੂਲ
ਜ਼ਿਲ੍ਹਾ ਮਾਨਸਾ।

ਪੱਤਰ ਨੰਬਰ: 2021459171 ਮਿਤੀ ਮਾਨਸਾ 05-02-2021

ਵਿਸ਼ਾ – ਗਿਆਰਵੀਂ ਅਤੇ ਬਾਰਵ੍ਹੀਂ ਦੇ NSQF ਸਟਰੀਮ ਦੇ ਵਿਦਿਅਰਥੀਆਂ ਲਈ ਸਕਿਲ ਮੁਕਾਬਲੇ (ਮਾਡਲ) ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਦਫ਼ਤਰ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਗਿਆਰਵੀਂ ਅਤੇ ਬਾਰਵ੍ਹੀਂ ਦੇ NSQF ਸਟਰੀਮ ਦੇ ਵਿਦਿਅਰਥੀਆਂ ਲਈ ਸਕਿਲ ਮੁਕਾਬਲੇ (ਮਾਡਲ) ਜਿਲ੍ਹਾ ਪੱਧਰ ਦੇ ਕਰਵਾਏ ਜਾਣੇ ਹਨ। ਜਿਸ ਸਬੰਧੀ ਜ਼ਿਲ੍ਹਾ ਪੱਧਰੀ ਕਮੇਟੀ ਬਣਾਈ ਗਈ ਹੈ।ਜਿਸ ਤਹਿਤ NSQF ਨਾਲ ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਜ਼ੋ ਵਿਦਿਆਰਥੀ ਇਸ ਮੁਕਾਬਲੇ ਵਿੱਚ ਭਾਗ ਲੈਣਾ ਚਾਹੁੰਦੇ ਹਨ, ਦੇ innovative project ideas (ਜਿਨ੍ਹਾਂ ਦੇ ਅਧਾਰ ਤੇ ਵਿਦਿਆਰਥੀਆਂ ਵੱਲੋਂ ਮਾਡਲ ਬਣਾਏ ਜਾਣੇ ਹਨ) ਦੀ ਸੂਚਨਾ ਨੱਥੀ ਪ੍ਰੋਫਰਾਮੇ ਅਨੁਸਾਰ Excel ਵਿੱਚ ਭਰਕੇ ਮਿਤੀ:08.02.2021 ਤੱਕ 12.00 ਵਜੇ ਤੱਕ ਈ.ਮੇਲ ਆਈ.ਡੀ. (voc.deosemansa@gmail.com) ਤੇ ਭੇਜਣੀ ਯਕੀਨੀ ਬਣਾਈ ਜਾਵੇ। ਉਕਤ ਭੇਜੀ ਸੂਚਨਾ ਦੇ ਅਧਾਰ ਤੇ ਜ਼ਿਲ੍ਹਾ ਕਮੇਟੀ ਵੱਲੋਂ 20 ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ ਜਿਨ੍ਹਾਂ ਨੂੰ ਮੁਕਾਬਲੇ ਤਹਿਤ ਵਰਕਿੰਗ ਮਾਡਲ ਬਣਾਉਣ ਤਹਿਤ ਰੁਪਏ 1000/- ਪ੍ਰਤੀ ਵਿਦਿਆਰਥੀ ਰਾਸ਼ੀ ਜਾਰੀ ਕੀਤੀ ਜਾਵੇਗੀ ।ਸਬੰਧਤ ਚੁਣੇ ਗਏ ਵਿਦਿਆਰਥੀਆਂ ਵੱਲੋਂ 05.03.2021 ਨੂੰ ਵਰਕਿੰਗ ਮਾਡਲ ਤਿਆਰ ਕਰਕੇ ਸਸਸ (ਮੁੰ) ਮਾਨਸਾ ਵਿਖੇ ਜਿਲ੍ਹਾ ਪੱਧਰੀ ਮੁਕਾਬਲੇ ਲਈ ਪੇਸ਼ ਕੀਤੇ ਜਾਣਗੇ।ਮੁਕਾਬਲੇ ਵਿੱਚ ਜਿਲ੍ਹਾ ਪੱਧਰ ਤੇ ਪਹਿਲਾ ਸਥਾਨ ਲਈ 2500/-ਰੁਪਏ , ਦੂਸਰੇ ਸਥਾਨ ਲਈ:1500/- ਰੁਪਏ ਅਤੇ ਤਿਸਰੇ ਸਥਾਨ ਲਈ:1000/ ਰੁਪਏ ਦਾ ਇਨਾਮ ਕਮੇਟੀ ਵੱਲੋਂ ਦਿੱਤੇ ਜਾਣਗੇ ਅਤੇ ਸਰਟੀਫਿਕੇਟ ਦਿੱਤੇ ਜਾਣਗੇ।ਸੋ ਸਬੰਧਤ ਸਕੂਲਾਂ ਦੇ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਨੂੰ ਮੁਕਾਲਬੇ ਵਿੱਚ ਭਾਗ ਲਈ ਉਤਸ਼ਾਹਿਤ ਕਰਨ ਅਤੇ innovative project ideas ਦੀ ਸੂਚਨਾ ਉਪਰੋਕਤ ਅਨੁਸਾਰ ਭੇਜਣੀ ਯਕੀਨੀ ਬਣਾਈ ਜਾਵੇ।

ਨੋਟ: ਜਿਲ੍ਹਾ ਪੱਧਰ ਤੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਟੇਟ ਪੱਧਰ ਤੇ ਹੋਣ ਵਾਲੇ ਮੁਕਾਬਲੇ ਲਈ ਭੇਜਿਆ ਜਾਵੇਗਾ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਮਾਨਸਾ।

ਮਿਤੀ:

ਪਿੰਠ ਅੰਕਣ ਨੰਬਰ:

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸਸਸ (ਮੁੰ) ਮਾਨਸਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਮਿਤੀ:05.03.2021 ਨੂੰ ਹੋਣ ਵਾਲੇ ਜ਼ਿਲ੍ਹਾਂ ਪੱਧਰੀ ਮੁਕਾਬਲੇ ਲਈ ਢੁੱਕਵੇ ਪ੍ਰਬੰਧ ਕਰ ਲਏ ਜਾਣ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਮਾਨਸਾ।